## ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ, ਐਸ.ਏ.ਐਸ. ਨਗਰ।

(ਪੰਜਾਬ ਸਕੂਲ ਸਿੱਖਿਆ ਬੋਰਡ,ਕੰਪਲੈਕਸ ਈ ਬਲਾਕ ਫੇਸ-8, ਐਸ.ਏ.ਐਸ ਨਗਰ)

(ਦਫਤਰੀ ਅਮਲਾ ਸ਼ਾਖਾ)

ਵੈਬਸਾਈਟ ਰਾਹੀਂ

ਸੇਵਾ ਵਿਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),/(ਐ:ਸਿੱ)
ਪੰਜਾਬ।

ਮੀਮੋ ਨੰਬਰ:947379/ਦਫਤਰੀ ਅਮਲਾ/(2)/2025243612
ਮਿਤੀ,ਐਸ.ਏ.ਐਸ ਨਗਰ: 21-08-2025

ਵਿਸ਼ਾ- ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਅਤੇ ਕੋਆਰਡੀਨੇਸ਼ਨ) ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 22.05.2025 ਅਤੇ ਹਦਾਇਤਾਂ 23.06.2025 ਸਬੰਧੀ।

1.0 ਉਪਰੋਕਤ ਅੰਕਿਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ, ਵਿੱਤ ਵਿਭਾਗ ( ਵਿੱਤ ਪੈਨਸ਼ਨ ਪਾਲਿਸੀ ਅਤੇ ਕੋਆਰਡੀਨੇਸ਼ਨ) ਵੱਲੋਂ ਨੋਟੀਫਿਕੇਸ਼ਨ ਮਿਤੀ 22.05.2025 ਅਤੇ ਹਦਾਇਤਾਂ ਮਿਤੀ 23.06.2005 ਰਾਹੀਂ ਪੰਜਾਬ ਸਰਕਾਰ ਦੇ ਉਹ ਕਰਮਚਾਰੀ/ਅਧਿਕਾਰੀ ਜੋ ਮਿਤੀ 01.01.2004 ਤੋਂ ਪਹਿਲਾਂ ਭਰਤੀ ਲਈ ਦਿੱਤੇ ਗਏ ਇਸ਼ਤਿਹਾਰ ਲਈ ਅਸਾਮੀਆਂ / ਖਾਲੀ ਅਸਾਮੀਆਂ ਦੇ ਵਿਰੁੱਧ ਭਰਤੀ ਕੀਤੇ ਗਏ ਸਨ ਅਤੇ ਪੰਜਾਬ ਸਰਕਾਰ ਦੇ ਉਹ ਕਰਮਚਾਰੀ ਜਿੰਨ੍ਹਾਂ ਨੂੰ ਮਿਤੀ 01.01.2004 ਜਾਂ ਇਸ ਤੋਂ ਬਾਅਦ ਤਰਸ ਦੇ ਆਧਾਰ ਤੇ ਨਿਯੁਕਤ ਕੀਤਾ ਗਿਆ, ਪਰ ਜਿੱਥੇ ਕਾਨੂੰਨੀ ਵਾਰਸ ਦੁਆਰਾ ਅਜਿਹੀ ਨਿਯੁਕਤੀ ਲਈ ਬੇਨਤੀ ਮਿਤੀ 01.01.2004 ਤੋਂ ਪਹਿਲਾਂ ਪ੍ਰਾਪਤ ਹੋਈ ਸੀ, ਨੂੰ ਨਿਊ ਡਿਫਾਇੰਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਦੀ ਥਾਂ ਤੇ ਪੰਜਾਬ ਸਿਵਲ ਸਰਵਿਸਿਜ ਰੂਲਜ, ਵਾਲਿਯਮ-2 ਅਧੀਨ ਪੁਰਾਣੀ ਪੈਨਸ਼ਨ ਸਕੀਮ ਦਾ ਲਾਭ ਦਿੱਤਾ ਜਾਵੇ ।

2.0 ਉਕਤ ਹਦਾਇਤਾਂ/ਨੋਟੀਫਿਕੇਸ਼ਨ ਅਧੀਨ ਕਵਰ ਹੁੰਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਨਿਊ ਡਿਫਾਇੰਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਦੀ ਥਾਂ ਤੇ ਪੰਜਾਬ ਸਿਵਲ ਸਰਵਿਸਿਜ ਰੂਲਜ, ਵਾਲਿਯਮ-2 ਅਧੀਨ ਪੁਰਾਣੀ ਪੈਨਸ਼ਨ ਸਕੀਮ ਦਾ ਲਾਭ ਦੇਣ ਸਬੰਧੀ ਕੇਸ ਵਿਭਾਗ ਨੂੰ ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰਾਂ / ਸਬੰਧਤ ਕਰਮਚਾਰੀਆਂ / ਅਧਿਕਾਰੀਆਂ / ਸਕੂਲਾਂ ਤੋਂ ਪ੍ਰਾਪਤ ਹੋ ਰਹੇ ਹਨ ।

3.0 ਉਕਤ ਦੇ ਸਨਮੁੱਖ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹੇ ਕਰਮਚਾਰੀਆਂ (ਨਾਨ ਟੀਚਿੰਗ ਅਮਲੇ) ਗਰੁੱਪ ਬੀ ਅਤੇ ਗਰੁੱਪ ਸੀ ਦੇ ਕੇਸ ਵਿਭਾਗ ਨੂੰ ਪ੍ਰਵਾਨਗੀ ਲਈ ਭੇਜਣ ਤੋਂ ਪਹਿਲਾਂ ਇੰਨ੍ਹਾਂ ਕੇਸਾਂ ਨੂੰ ਵਿੱਤ ਵਿਭਾਗ ਵੱਲੋਂ ਜਾਰੀ ਵਿਸ਼ਾ ਅੰਕਿਤ ਨੋਟੀਫਿਕੇਸ਼ਨ/ਹਦਾਇਤਾਂ ਅਤੇ ਦਫ਼ਤਰੀ ਰਿਕਾਰਡ ਦੇ ਆਧਾਰ ਤੇ ਘੋਖਣ ਲਈ ਜਿਲ੍ਹਾ ਪੱਧਰ ਤੇ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇ। ਇਸ ਉਪਰੰਤ ਅਜਿਹੇ ਕਰਮਚਾਰੀਆਂ ਦੇ ਕੇਸ ਕਮੇਟੀ ਦੀ ਰਿਪੋਰਟ ਅਤੇ ਆਪ ਦੇ ਦਫ਼ਤਰ ਦੀ ਸਵੈ ਸਪੱਸ਼ਟ ਤਜਵੀਜ/ਸਿਫਾਰਿਸ ਅਤੇ ਰਿਕਾਡਰ ਸਮੇਤ ਵਿਭਾਗ ਨੂੰ ਮਿਤੀ 31.08.2025 ਤੱਕ ਪ੍ਰਵਾਨਗੀ ਲਈ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਭੇਜਣੇ ਯਕੀਣੀ ਬਣਾਏ ਜਾਣ ਤਾਂ ਜੋ ਇੱਕ ਵਾਰ ਵਿੱਚ ਹੀ ਅਜਿਹਾ ਕੇਸਾਂ ਦਾ ਨਿਪਟਾਰਾ ਕੀਤਾ ਜਾ ਸਕੇ। ਇਸ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਜਿਲ੍ਹਾ ਦਫ਼ਤਰਾਂ ਵੱਲੋਂ ਅਜਿਹੇ ਕਰਮਚਾਰੀਆਂ ਦੇ ਕੇਸ ਵਿਭਾਗ ਨੂੰ ਇਸ ਪੱਤਰ

ਦੇ ਜਾਰੀ ਹੋਣ ਤੋਂ ਪਹਿਲਾਂ ਪ੍ਰਵਾਨਗੀ ਲਈ ਭੇਜੇ ਗਏ ਸਨ, ਉਹ ਵਿਭਾਗ ਤੋਂ ਨਿੱਜੀ ਪੱਧਰ ਤੇ ਪ੍ਰਾਪਤ ਕਰਦੇ ਹੋਏ ਉਕਤ ਅਨੁਸਾਰ ਕਾਰਵਾਈ ਕਰਨ ਉਪਰੰਤ ਮੁੜ ਹਾਰਡ ਕੇਸ ਅਤੇ ਸਕੈਨ ਕਾਪੀ ਦੇ ਰੂਪ ਵਿੱਚ ਜਮ੍ਹਾਂ ਕਰਵਾਏ ਜਾਣ। ਜਿਲ੍ਹਾ ਦਫ਼ਤਰ ਤੋਂ ਇਲਾਵਾ ਸਿੱਧੇ ਤੌਰ ਤੇ ਪ੍ਰਾਪਤ ਹੋਣ ਦੇ ਵਾਲੇ ਅਜਿਹੇ ਕੇਸ ਵਿਚਾਰੇ ਨਹੀਂ ਜਾਣਗੇ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦਾ ਹੈ।

27/8/25

ਸਹਾਇਕ ਡਾਇਰੈਕਟਰ ( ਦਫਤਰੀ ਅਮਲਾ )

| ਲੜੀ ਨੰਬਰ | ਵੇਰਵਾ | |
|---|---|---|
| 1 | ਕਰਮਚਾਰੀ ਦਾ ਨਾਮ /ਪਿਤਾ ਦਾ ਨਾਮ ਅਤੇ ਸਕੂਲ/ਸੰਸਥਾ ਦਾ ਨਾਮ | |
| 2 | ਅਹੁਦਾ | |
| 3 | ਜਨਮ ਮਿਤੀ | |
| 4 | ਕਰਮਚਾਰੀ ਦੀ ਤਰਸ ਦੇ ਅਧਾਰ ਤੇ ਨਿਯੁਕਤੀ ਹੋਈ ਹੈ ਜਾਂ ਕਿਸੇ ਇਸਤਿਹਾਰ ਰਾਹੀ ਨਿਯੁਕਤੀ ਹੋਈ ਹੈ | |
| 5 | ਜੇਕਰ ਕਰਮਚਾਰੀ ਦੀ ਤਰਸ ਦੇ ਅਧਾਰ ਤੇ ਨਿਯੁਕਤੀ ਹੋਈ ਹੈ ਤਾਂ ਉਸ ਕਰਮਚਾਰੀ ਵੱਲੋ ਕਿਸ ਮਿਤੀ ਨੂੰ ਵਿਭਾਗ ਨੂੰ ਅਪਲਾਈ ਕੀਤਾ ਉਸਦੀ ਅਪਲਾਈ ਕਰਨ ਦੀ ਮਿਤੀ ਸਮੇਤ ਸਬੂਤ ਵਜੋਂ ਕੇਵਲ ਵਿਭਾਗ ਨੂੰ ਦਿੱਤੀ ਗਈ ਪ੍ਰਤੀ ਬੇਨਤੀ (ਨੱਥੀ)ਕੀਤੀ ਜਾਵੇ। | |
| 6 | ਜੇਕਰ ਕਰਮਚਾਰੀ ਦੀ ਤਰਸ ਦੇ ਅਧਾਰ ਤੇ ਨਿਯੁਕਤੀ ਹੋਈ ਹੈ ਤਾਂ ਉਸ ਨੂੰ ਨਿਯੁਕਤੀ ਪੱਤਰ ਜਾਰੀ ਹੋਣ ਦੀ ਮਿਤੀ / ਸਕੂਲ ਜਾਂ ਦਫਤਰ ਵਿਖੇ ਹਾਜਰ ਹੋਣ ਦੀ ਹਾਜਾਰੀ ਦੀ ਮਿਤੀ ਵੀ ਦੱਸੀ ਜਾਵੇ ਅਤੇ ਨਿਯੁਕਤੀ ਪੱਤਰ/ ਹਾਜਰੀ ਰਿਪੋਰਟ ਦੀ ਦੀ ਕਾਪੀ (ਨੱਥੀ) ਕੀਤੀ ਜਾਵੇ। | |
| 7 | ਤਰਸ ਦੇ ਅਧਾਰ ਤੇ ਹੋਈ ਨਿਯੁਕਤੀ ਸਬੰਧਤੀ ਕਰਮਚਾਰੀ ਵੱਲੋ ਸਕੂਲ/ਸੰਸਥਾ ਵਿੱਚ ਦਿੱਤੀ ਗਈ ਹਾਜਰੀ ਦੀ ਮਿਤੀ ਸਮੇਤ ਹਾਜਰੀ ਰਿਪੋਰਟ ਦੀ ਕਾਪੀ | |
| 8 | ਕੀ ਤਰਸ ਦੇ ਅਧਾਰ ਤੇ ਨਿਯੁਕਤ ਹੋਇਆ ਕਰਮਚਾਰੀ ਸਰਕਾਰ ਵੱਲੋ ਜਾਰੀ ਕੀਤੀ ਗਈ ਨੋਟੀਫਿਕੇਸਨ ਮਿਤੀ--22-05-2025 ਤਹਿਤ (Old Pensision) ਸਕੀਮ ਅਧੀਨ ਕਵਰ ਹੁੰਦਹ ਹੈ ਜਾਂ ਨਹੀ | |
| 9 | ਕਰਮਚਾਰੀ ਵੱਲੋ ਕਿਹੜੇ ਇਸਤਿਹਾਰ ਰਾਹੀ ਨਿਯੁਕਤੀ ਲਈ ਅਪਲਾਈ ਕੀਤਾ ਸੀ ਉਸ ਇਸਤਿਹਾਰ ਦੀ ਮਿਤੀ ਦੱਸੀ ਜਾਵੇ ਅਤੇ ਇਸਤਿਹਾਰ ਦੀ ਕਾਪੀ ਵੀ (ਨੱਥੀ) ਕੀਤੀ ਜਾਵੇ। | |
| 10 | ਕੀ ਕਰਮਚਾਰੀ ਵੱਲੋ ਵਿਭਾਗ ਵੱਲੋ ਦਿੱਤੇ ਗਏ ਇਸਤਿਹਾਰ ਅਨੁਸਾਰ ਕਿਸ ਮਿਤੀ ਨੂੰ ਅਤੇ ਕਿਸ ਅਸਾਮੀ ਲਈ ਅਪਲਾਈ ਕੀਤਾ ਹੈ ਸਮੇਤ ਸਬੂਤ ਨੱਥੀ ਕੀਤਾ ਜਾਵੇ। | |
| 11 | ਕਰਮਚਾਰੀ ਦੀ ਇਸਤਿਹਾਰ ਰਾਹੀ ਹੋਈ ਨਿਯੁਕਤੀ ਸਬੰਧੀ ਕਰਮਚਾਰੀ ਕਿਸ ਮਿਤੀ ਨੂੰ ਵਿਭਾਗ ਵਿੱਚ ਹਾਜਰ ਹੋਇਆ । ਹਾਜਰੀ ਰਿਪੋਰਟ ਦੀ ਕਾਪੀ (ਨੱਥੀ) ਕੀਤੀ ਜਾਵੇ। | |
| 12 | ਕਰਮਚਾਰੀ ਦੀ ਇਸਤਿਹਾਰ ਰਾਹੀ ਹੋਈ ਨਿਯੁਕਤੀ ਸਬੰਧੀ ਕਰਮਚਾਰੀ ਸਰਕਾਰ ਵੱਲੋ ਜਾਰੀ ਕੀਤੀ ਗਈ ਨੋਟੀਫਿਕੇਸਨ ਮਿਤੀ-22-05-2025 ਅਨੁਸਾਰ (Old Pensision) ਵਿੱਚ ਕਵਰ ਹੁੰਦਾ ਹੈ ਜਾਂ ਨਹੀ | |
| 13 | Working ਜਾਂ ਰਿਟਾਇਰ ਹਨ । ਜੇਕਰ ਰਿਟਾਇਰ ਹੋ ਚੁੱਕੇ ਹਨ ਤਾਂ ਕਿਸ ਮਿਤੀ ਨੂੰ ਰਿਟਾਇਰ ਹੋਏ ਹਨ। | |
| | ਆਪਸ਼ਨ ਦੇਣ ਦੀ ਮਿਤੀ ਅਤੇ ਕਿਹੜੀ ਸਕੀਮ ਅਧੀਨ ਆਪਸ਼ਨ ਦਿੱਤੀ ਗਈ ਹੈ। | |
| 14 | ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ (ਨੱਥੀ) ਕੀਤੀ ਜਾਵੇ। | |

ੳ) ਜੇਕਰ ਕਰਮਚਾਰੀ ਵਲੋਂ ਕੋਰਟ ਕੇਸ ਕੀਤਾ ਗਿਆ ਹੈ ਤਾਂ ਕੋਰਟ ਕੇਸ ਦੀ ਮੁਕੰਮਲ ਹੁਣ ਤੱਕ ਦੀ ਜਾਣਕਾਰੀ ਅਤੇ ਮੁਕੰਮਲ ਦਸਤਾਵੇਜਾਂ ਸਹਿਤ ਵਿਭਾਗ ਨੂੰ ਜਾਣੂ ਕਰਵਾਇਆ ਜਾਵੇ ।

ਅ) ਨੋਟ ਉਕਤ ਸਾਰੇ ਦਸਤਾਵੇਜ ਡੀ.ਡੀ.ਓ ਵਲੋਂ ਤਸਦੀਕ ਕੀਤੇ ਜਾਣ ।

ਨਿਯਮਾਂ ਅਨੁਸਾਰ ਘੋਖਣ ਉਪਰੰਤ ਕੇਸ ਤੇ ਵਿਚਾਰ ਕਰਨ ਜਾਂ ਨਾ ਕਰਨ ਸਬੰਧੀ ਸਵੈ ਸਪਸ਼ਟ ਤਜਵੀਜ਼ ਜਿਲ੍ਹਾ ਸਿੱਖਿਆ ਅਫਸਰ ਵਲੋਂ ਦਿੱਤੀ ਜਾਵੇ :-

ਜਿਲਾ ਸਿਖਿਆ ਅਫਸਰ(ਸੈਸਿ)